Comprehensive Marking Scheme

Pre-Board (2024-25) Morning

Class- X

Subject- Punjabi (004)

Duration- 3hrs M.M. 80

| ਭਾਗ- ੳ (ਪੜ੍ਹਨ ਕੌਸ਼ਲ) | | |
|---|---|---|
| ਪ੍ਰਸ਼ਨ | ਵਿਸਥਾਰ | ਅੰਕ |
| 1 | ਅਣਡਿੱਠਾ ਪੈਰਾ ਪੜ੍ਹ ਕੇ ਪੁੱਛੇ ਗਏ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਉ।<br>ਨੋਟ- ਹਰੇਕ ਸਹੀ ਵਿਕਲਪ ਲਈ ਇੱਕ ਅੰਕ ਹੈ। | |
| (i) | ਉ੦- ਸਹੀ ਵਿਕਲਪ (ਅ) ਗਿਆਨ<br>ਮੁਲਾਂਕਣ- ਜੇਕਰ ਵਿਦਿਆਰਥੀ ਹਨੇਰਾ, ਬਰਬਾਦੀ, ਗੁੱਸਾ ਆਦਿ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੋਵੇਗਾ ਕਿਉਂਕਿ ਪੈਰੇ ਅਨੁਸਾਰ ਇਹ ਸਹੀ ਵਿਕਲਪ ਨਹੀਂ ਹੈ। ਪੈਰੇ ਅਨੁਸਾਰ ਵਿੱਦਿਆ ਅਗਿਆਨਤਾ ਨੂੰ ਦੂਰ ਕਰਕੇ ਮਨੁੱਖ ਨੂੰ ਗਿਆਨ ਦਿੰਦੀ ਹੈ।<br>ਸੁਝਾਵ- ਵਿਦਿਆਰਥੀਆਂ ਨੂੰ ਪੂਰਾ ਪੈਰਾ, ਪ੍ਰਸ਼ਨ ਅਤੇ ਸਾਰੇ ਵਿਕਲਪਾਂ ਨੂੰ ਬਹੁਤ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | 1 |
| (ii) | ਉ੦- ਸਹੀ ਵਿਕਲਪ (ੳ) ਸੱਭਿਅਕ<br>ਮੁਲਾਂਕਣ- ਜੇਕਰ ਵਿਦਿਆਰਥੀ ਹੰਕਾਰੀ, ਜੰਗਲੀ, ਝਗੜਾਲੂ ਆਦਿ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਵਿੱਦਿਆ ਪ੍ਰਾਪਤ ਕਰਨ ਨਾਲ ਮਨੁੱਖ ਸੱਭਿਅਕ ਬਣਦਾ ਹੈ।<br>ਸੁਝਾਵ- ਵਿਦਿਆਰਥੀ ਨੂੰ ਪ੍ਰਸ਼ਨ ਧਿਆਨ ਨਾਲ ਪੜ੍ਹ ਕੇ ਉਸਦਾ ਉੱਤਰ ਲਿਖਣਾ ਚਾਹੀਦਾ ਹੈ। | 1 |
| (iii) | ਉ੦- ਸਹੀ ਵਿਕਲਪ (ੳ) ਭੌਤਿਕ<br>ਮੁਲਾਂਕਣ- ਜੇਕਰ ਵਿਦਿਆਰਥੀ ਨੈਤਿਕ, ਸਦਾਚਾਰਕ, ਕਾਲਪਨਿਕ ਆਦਿ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਰੁਜ਼ਗਾਰ ਨਾਲ ਕਮਾਏ ਧਨ ਨਾਲ ਕੇਵਲ ਭੌਤਿਕ ਲੋੜਾਂ ਹੀ ਪੂਰੀਆ ਹੋ ਸਕਦੀਆਂ ਹਨ।<br>ਸੁਝਾਵ- ਵਿਦਿਆਰਥੀ ਪੈਰਾ ਅਤੇ ਪ੍ਰਸ਼ਨ ਧਿਆਨ ਨਾਲ ਪੜ੍ਹਨ। | 1 |
| (iv) | ਉ੦- ਸਹੀ ਵਿਕਲਪ (ੲ) ਉੱਚਾ ਤੇ ਸੁੱਚਾ<br>ਮੁਲਾਂਕਣ- ਜੇਕਰ ਵਿਦਿਆਰਥੀ ਨੀਵਾਂ, ਝੂਠਾ, ਗਲਤ ਆਦਿ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਵਿੱਦਿਆ ਮਨੁੱਖ ਦੇ ਆਚਰਨ ਨੂੰ ਉੱਚਾ ਤੇ ਸੁੱਚਾ ਬਣਾਉਂਦੀ ਹੈ।<br>ਸੁਝਾਵ- ਵਿਦਿਆਰਥੀਆਂ ਨੂੰ ਪੈਰੇ ਵਿੱਚ ਆਏ ਹਰੇਕ ਵਿਚਾਰ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | 1 |
| (v) | ਉ੦- ਸਹੀ ਵਿਕਲਪ (ਸ) ਚੰਗੇ | 1 |

| | | |
|---|---|---|
| | ਮੁਲਾਂਕਣ- ਜੇਕਰ ਵਿਦਿਆਰਥੀ ਬੁਰੇ, ਮਾੜੇ, ਬੇਕਾਰ ਆਦਿ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਚੰਗੀ ਸੋਚ ਦਾ ਧਾਰਨੀ ਮਨੁੱਖ ਚੰਗੇ ਸਮਾਜ ਦਾ ਨਿਰਮਾਣ ਕਰਦਾ ਹੈ।<br>ਸੁਝਾਵ- ਵਿਦਿਆਰਥੀ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖਣ। | |
| (vi) | ਉ੦- ਸਹੀ ਵਿਕਲਪ (ੲ) ਮਨੁੱਖਤਾ<br>ਮੁਲਾਂਕਣ- ਜੇਕਰ ਵਿਦਿਆਰਥੀ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਵਿਕਲਪ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਵਿੱਦਿਆ ਲੋਕਾਂ ਨੂੰ ਚੰਗੇ ਮਨੁੱਖ ਬਣਾ ਕੇ ਮਨੁੱਖਤਾ ਦੇ ਪਾਸਾਰ ਵਿੱਚ ਆਪਣਾ ਯੋਗਦਾਨ ਪਾਉਂਦੀ ਹੈ।<br>ਸੁਝਾਵ- ਵਿਦਿਆਰਥੀ ਪੈਰੇ ਨੂੰ, ਪ੍ਰਸ਼ਨ ਨੂੰ ਅਤੇ ਦਿੱਤੇ ਵਿਕਲਪਾਂ ਨੂੰ ਧਿਆਨ ਨਾਲ ਪੜ੍ਹਨ। | 1 |
| 2 | ਅਣਡਿੱਠੀ ਕਾਵਿ ਟੁਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ।<br>ਨੋਟ- ਹਰੇਕ ਸਹੀ ਵਿਕਲਪ ਲਈ ਇੱਕ ਅੰਕ ਹੈ। | |
| (i) | ਉ੦- ਵਾਯੂਮੰਡਲ ਵਿੱਚ।<br>ਮੁਲਾਂਕਣ- ਜੇਕਰ ਵਿਦਿਆਰਥੀ ਵਾਯੂਮੰਡਲ ਦੀ ਥਾਂ ਕੋਈ ਹੋਰ ਉੱਤਰ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਕਾਵਿ-ਟੁਕੜੀ ਅਨੁਸਾਰ ਛੱਤਰੀ ਵਾਲੀ ਮਾਂ ਵਾਯੂਮੰਡਲ ਵਿੱਚ ਬੈਠੀ ਹੈ।<br>ਸੁਝਾਵ- ਵਿਦਿਆਰਥੀਆਂ ਨੂੰ ਅਣਡਿੱਠੀ ਕਾਵਿ ਟੁਕੜੀ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | 1 |
| (ii) | ਉ੦- ਓਜ਼ੋਨ ਪਰਤ।<br>ਮੁਲਾਂਕਣ- ਜੇਕਰ ਵਿਦਿਆਰਥੀ ਓਜ਼ੋਨ ਪਰਤ ਦੀ ਥਾਂ ਕੋਈ ਹੋਰ ਉੱਤਰ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਕਾਵਿ-ਟੁਕੜੀ ਅਨੁਸਾਰ ਛੱਤਰੀ ਵਾਲੀ ਮਾਂ ਦਾ ਨਾਂ ਓਜ਼ੋਨ ਪਰਤ ਹੈ।<br>ਸੁਝਾਵ- ਵਿਦਿਆਰਥੀ ਨੂੰ ਕਾਵਿ ਟੁਕੜੀ ਦੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | 1 |
| (iii) | ਉ੦- ਪਰਾਬੈਂਗਣੀ ਕਿਰਨਾਂ।<br>ਮੁਲਾਂਕਣ- ਜੇਕਰ ਵਿਦਿਆਰਥੀ ਪਰਾਬੈਂਗਣੀ ਕਿਰਨਾਂ ਤੋਂ ਇਲਾਵਾ ਕੋਈ ਹੋਰ ਉੱਤਰ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਓਜ਼ੋਨ ਪਰਤ ਪਰਾਬੈਂਗਣੀ ਕਿਰਨਾਂ ਨੂੰ ਧਰਤੀ ‘ਤੇ ਆਉਣ ਤੋਂ ਰੋਕਦੀ ਹੈ।<br>ਸੁਝਾਵ- ਵਿਦਿਆਰਥੀ ਨੂੰ ਅਣਡਿੱਠੀ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਧਿਆਨ ਨਾਲ ਲਿਖਣੇ ਚਾਹੀਦੇ ਹਨ। | 1 |
| (iv) | ਉ੦- ਉਦਯੋਗਿਕ ਗੈਸ ਨੇ।<br>ਮੁਲਾਂਕਣ- ਜੇਕਰ ਵਿਦਿਆਰਥੀ ਉਦਯੋਗਿਕ ਗੈਸ ਤੋਂ ਇਲਾਵਾ ਕੋਈ ਹੋਰ ਉੱਤਰ ਲਿਖਦਾ ਹੈ ਤਾਂ ਇਹ ਗਲਤ ਹੈ ਕਿਉਂਕਿ ਉਦਯੋਗਿਕ ਗੈਸ ਨੇ ਹੀ ਓਜ਼ੋਨ ਪਰਤ ਨੂੰ ਖੋਰਾ ਲਾਇਆ ਹੈ।<br>ਸੁਝਾਵ- ਵਿਦਿਆਰਥੀ ਨੂੰ ਧਿਆਨ ਨਾਲ ਪ੍ਰਸ਼ਨ ਪੜ੍ਹ ਕੇ ਉਸਦੇ ਉੱਤਰ ਲਿਖਣੇ ਚਾਹੀਦੇ ਹਨ। | 1 |
| | **ਭਾਗ- ਅ (ਵਿਆਕਰਨ)** | |
| 3 | ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>ਨੋਟ- ਕਿਸੇ ਦੋ ਸਹੀ ਸਮਾਸੀ ਸ਼ਬਦਾਂ ਲਈ ਦੋ ਅੰਕ ਦਿੱਤੇ ਜਾਣਗੇ। | 2x1=2 |
| (i) | ਉ੦- ਸਹੀ ਵਿਕਲਪ (ਸ) ਦੇਸ਼ ਦੀ ਭਗਤੀ | |

| | | |
|---|---|---|
| | ਮੁਲਾਂਕਣ- ਬਾਕੀ ਵਿਕਲਪ ਦੇਸ਼-ਭਗਤੀ ਸਮਾਸ ਦਾ ਸਹੀ ਸ਼ਬਦ-ਸਮੂਹ ਨਹੀਂ ਹਨ।<br>ਸੁਝਾਵ- ਵਿਦਿਆਰਥੀ ਸਮਾਸੀ ਸ਼ਬਦਾਂ ਦੇ ਨਾਲ ਸ਼ਬਦ ਸਮੂਹਾਂ ਦਾ ਵੀ ਅਭਿਆਸ ਕਰਨ। | |
| (ii) | ਉ਼- ਸਹੀ ਵਿਕਲਪ (ਓ) ਨੇਤਰ-ਦਾਨ<br>ਮੁਲਾਂਕਣ- ਬਾਕੀ ਸਾਰੇ ਵਿਕਲਪ ਸਹੀ ਨਹੀਂ ਹਨ।<br>ਸੁਝਾਵ- ਵਿਦਿਆਰਥੀ ਸਮਾਸੀ ਸ਼ਬਦਾਂ ਦਾ ਅਭਿਆਸ ਕਰਨ। | |
| (iii) | ਉ਼- ਸਹੀ ਵਿਕਲਪ (ਸ) ਉੱਚਾ-ਨੀਵਾਂ<br>ਮੁਲਾਂਕਣ- ਬਾਕੀ ਸਾਰੇ ਵਿਕਲਪ ਸਮਾਨ ਅਰਥਾਂ ਵਾਲੇ ਸਮਾਸ ਹਨ।<br>ਸੁਝਾਵ- ਵਿਦਿਆਰਥੀ ਸਮਾਸ ਦੀਆਂ ਵੱਖ-ਵੱਖ ਕਿਸਮਾਂ ਦਾ ਅਭਿਆਸ ਕਰਨ। | |
| 4 | ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>ਨੋਟ- ਕਿਸੇ ਦੋ ਸਹੀ ਬਹੁ-ਅਰਥਕ ਸ਼ਬਦਾਂ ਲਈ ਦੋ ਅੰਕ ਦਿੱਤੇ ਜਾਣਗੇ। | 2x1=2 |
| (i) | ਉ਼- ਸਹੀ ਵਿਕਲਪ (ੲ) ਰਾਹ<br>ਮੁਲਾਂਕਣ- ਬਾਕੀ ਵਿਕਲਪ ਸਹੀ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਬਹੁ-ਅਰਥਕ ਸ਼ਬਦਾਂ ਦਾ ਅਭਿਆਸ ਕਰਨਾ ਚਾਹੀਦਾ ਹੈ। | |
| (ii) | ਉ਼- ਸਹੀ ਵਿਕਲਪ (ਸ) ਕਿਲ੍ਹਾ<br>ਮੁਲਾਂਕਣ- ਬਾਕੀ ਸਾਰੇ ਵਿਕਲਪ 'ਕਰ' ਸ਼ਬਦ ਦੇ ਬਹੁ-ਅਰਥਕ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਬਹੁ-ਅਰਥਕ ਸ਼ਬਦਾਂ ਦਾ ਅਭਿਆਸ ਕਰਨਾ ਚਾਹੀਦਾ ਹੈ। | |
| (iii) | ਉ਼- ਸਹੀ ਵਿਕਲਪ (ਅ) ਫੁੱਲ<br>ਮੁਲਾਂਕਣ- ਬਾਕੀ ਵਿਕਲਪ ਸਹੀ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਬਹੁ-ਅਰਥਕ ਸ਼ਬਦਾਂ ਨੂੰ ਧਿਆਨ ਨਾਲ ਸਮਝ ਕੇ ਉਹਨਾਂ ਦਾ ਅਭਿਆਸ ਕਰਨਾ ਚਾਹੀਦਾ ਹੈ। | |
| 5 | ਕਿਰਿਆ ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>ਨੋਟ- ਕਿਸੇ ਦੋ ਸਹੀ ਕਿਰਿਆ ਵਿਸ਼ੇਸ਼ਣ ਸ਼ਬਦਾਂ ਲਈ ਦੋ ਅੰਕ ਦਿੱਤੇ ਜਾਣਗੇ। | 2x1=2 |
| (i) | ਉ਼- ਸਹੀ ਵਿਕਲਪ (ਅ) ਦੁਬਾਰਾ, ਕਈ ਵਾਰ, ਇੱਕ-ਇੱਕ<br>ਮੁਲਾਂਕਣ- ਬਾਕੀ ਦਿੱਤੇ ਵਿਕਲਪ ਕਿਰਿਆ ਵਿਸ਼ੇਸ਼ਣ ਦੀਆਂ ਹੋਰ ਕਿਸਮਾਂ ਦੀਆਂ ਉਦਾਹਰਨਾਂ ਨਾਲ ਸੰਬੰਧਤ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਕਿਰਿਆ ਵਿਸ਼ੇਸ਼ਣ ਬਾਰੇ ਵਿਸਥਾਰ ਨਾਲ ਪੜ੍ਹਨਾ ਚਾਹੀਦਾ ਹੈ। | |
| (ii) | ਉ਼- ਸਹੀ ਵਿਕਲਪ (ੲ) ਪ੍ਰਕਾਰਵਾਚਕ<br>ਮੁਲਾਂਕਣ- ਬਾਕੀ ਵਿਕਲਪ ਕਿਰਿਆ ਵਿਸ਼ੇਸ਼ਣ ਦੀਆਂ ਹੋਰ ਕਿਸਮਾਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਕਿਰਿਆ ਵਿਸ਼ੇਸ਼ਣ ਦੇ ਵਿਹਾਰਕ ਗਿਆਨ ਦਾ ਅਭਿਆਸ ਕਰਨਾ ਚਾਹੀਦਾ ਹੈ। | |
| (iii) | ਉ਼- ਸਹੀ ਵਿਕਲਪ (ਓ) ਕਾਲਵਾਚਕ ਕਿਰਿਆ ਵਿਸ਼ੇਸ਼ਣ | |

| | | |
|---|---|---|
| | ਮੁਲਾਂਕਣ- ਬਾਕੀ ਵਿਕਲਪ ਸਹੀ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਕਿਰਿਆ ਵਿਸ਼ੇਸ਼ਣ ਦੀਆਂ ਕਿਸਮਾਂ ਦਾ ਅੰਤਰ ਸਪਸ਼ਟ ਹੋਣਾ ਚਾਹੀਦਾ ਹੈ। | |
| 6 | ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ) | |
| (i) | ਅਗੇਤਰ<br>ਉਪ- ਉਪਕਾਰ, ਉਪਦੇਸ਼<br>ਨਿਰ- ਨਿਰਮਲ, ਨਿਰਵੈਰ<br>ਮੁਲਾਂਕਣ- ਵਿਦਿਆਰਥੀ ਸਹੀ ਸ਼ਬਦ ਬਣਾਉਂਦੇ ਹੋਏ ਹੋਰ ਵੀ ਸ਼ਬਦ ਲਿਖ ਸਕਦੇ ਹਨ। ਦੋ ਸਹੀ ਸ਼ਬਦਾਂ ਦਾ ਇੱਕ ਅੰਕ ਅਤੇ ਇੱਕ ਸਹੀ ਸ਼ਬਦ ਦਾ ਅੱਧਾ ਅੰਕ ਦਿੱਤਾ ਜਾਵੇਗਾ।<br>ਸੁਝਾਵ- ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਅਗੇਤਰ ਸ਼ਬਦਾਂ ਦਾ ਅਭਿਆਸ ਕਰਨਾ ਚਾਹੀਦਾ ਹੈ। | 1 |
| (ii) | ਪਿਛੇਤਰ<br>ਹਾਰ- ਸਿਰਜਣਹਾਰ, ਹੋਣਹਾਰ<br>ਖਾਨਾ- ਡਾਕਖਾਨਾ, ਕਾਰਖਾਨਾ<br>ਮੁਲਾਂਕਣ- ਵਿਦਿਆਰਥੀ ਸਹੀ ਸ਼ਬਦ ਬਣਾਉਂਦੇ ਹੋਏ ਹੋਰ ਵੀ ਸ਼ਬਦ ਲਿਖ ਸਕਦੇ ਹਨ। ਦੋ ਸਹੀ ਸ਼ਬਦਾਂ ਦਾ ਇੱਕ ਅੰਕ ਅਤੇ ਇੱਕ ਸਹੀ ਸ਼ਬਦ ਦਾ ਅੱਧਾ ਅੰਕ ਦਿੱਤਾ ਜਾਵੇਗਾ।<br>ਸੁਝਾਵ- ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪਿਛੇਤਰ ਸ਼ਬਦਾਂ ਦਾ ਅਭਿਆਸ ਕਰਨਾ ਚਾਹੀਦਾ ਹੈ। | 1 |
| 7 | ਮੁਹਾਵਰੇ (ਹੇਠ ਲਿਖੇ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ)<br>ਨੋਟ- ਕੋਈ ਚਾਰ ਮੁਹਾਵਰਿਆਂ ਦੇ ਅਰਥ ਸਪਸ਼ਟ ਰੱਖਦੇ ਹੋਏ ਬਣਾਏ ਗਏ ਵਾਕਾਂ ਦੇ ਸਹੀ ਹੋਣ 'ਤੇ ਚਾਰ ਅੰਕ ਦਿੱਤੇ ਜਾਣ। | 4x1=4 |
| | ਮੁਲਾਂਕਣ- ਵਿਦਿਆਰਥੀ ਅਰਥ ਨੂੰ ਸਪਸ਼ਟ ਰੱਖਦੇ ਹੋਏ ਵਾਕ ਬਣਾਉਣਗੇ। ਸਹੀ ਵਾਕ ਲਈ ਇੱਕ ਅੰਕ ਦਿੱਤਾ ਜਾਵੇਗਾ। ਜੇਕਰ ਵਾਕ ਵਿੱਚ ਅਰਥ ਸਪਸ਼ਟ ਨਹੀਂ ਹੈ ਤਾਂ ਅੰਕ ਨਹੀਂ ਦਿੱਤੇ ਜਾਣਗੇ।<br>ਸੁਝਾਵ- ਵਿਦਿਆਰਥੀਆਂ ਨੂੰ ਮੁਹਾਵਰੇ,ਉਸਦੇ ਅਰਥ ਅਤੇ ਅਰਥ ਸਪਸ਼ਟ ਰੱਖਦੇ ਹੋਏ ਵਾਕ ਬਣਾਉਣ ਦਾ ਅਭਿਆਸ ਕਰਨਾ ਚਾਹੀਦਾ ਹੈ। | |
| | **ਭਾਗ- ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)** | |
| 8 | ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ।<br>(ਦਿੱਤੇ ਨੁਕਤਿਆਂ ਤੋਂ ਇਲਾਵਾ ਵੀ ਵਿਦਿਆਰਥੀ ਆਪਣੀ ਸਮਝ-ਸੂਝ ਨਾਲ ਵਿਸ਼ੇ ਉੱਤੇ ਲੇਖ ਲਿਖ ਸਕਦਾ ਹੈ) | |

| | | |
|---|---|---|
| | ਭੂਮਿਕਾ | 2 |
| | ਵਿਸ਼ੇ ਦੀ ਪੇਸ਼ਕਾਰੀ | 2 |
| | ਸ਼ਬਦ ਚੋਣ | 1 |
| | ਵਿਸ਼ਾ ਵਿਸਥਾਰ | 2 |
| | ਸਿੱਟਾ | 1 |
| | ਮੁਲਾਂਕਣ- ਜੇਕਰ ਵਿਦਿਆਰਥੀ ਭੂਮਿਕਾ, ਵਿਸ਼ੇ ਦੀ ਪੇਸ਼ਕਾਰੀ ਤੇ ਵਿਸ਼ਾ ਵਿਸਥਾਰ ਸਹੀ ਲਿਖਦਾ ਹੈ ਤਾਂ ਪੂਰੇ ਦੋ ਅੰਕ ਦਿੱਤੇ ਜਾਣ ਤੇ ਸ਼ਬਦ ਚੋਣ ਅਤੇ ਸਿੱਟਾ ਵਿਸ਼ੇ ਦੇ ਅਨੁਰੂਪ ਹੋਣ 'ਤੇ ਇੱਕ ਅੰਕ ਦਿੱਤਾ ਜਾਵੇਗਾ। ਜੇਕਰ ਵਿਦਿਆਰਥੀ ਨੂੰ ਵਿਸ਼ੇ ਦਾ ਪੂਰਾ ਗਿਆਨ ਹੈ ਤਾਂ ਸ਼ਬਦ ਸੀਮਾ ਅਤੇ ਅੰਕ ਵੰਡ ਅਨੁਸਾਰ ਪੂਰੇ ਅੰਕ ਦਿੱਤੇ ਜਾਣਗੇ।<br>ਸੁਝਾਵ- ਉਪਰੋਕਤ ਅੰਕ ਵੰਡ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀ ਲੇਖ ਲਿਖਣ ਦਾ ਅਭਿਆਸ ਕਰਨ। | |
| 9 | ਦਿੱਤੇ ਗਏ ਦੋ ਪੱਤਰਾਂ ਵਿੱਚੋਂ ਕੋਈ ਇੱਕ ਪੱਤਰ ਲਿਖੋ।<br>(ਵਿਦਿਆਰਥੀ ਦਿੱਤੇ ਨੁਕਤਿਆਂ ਦੀ ਸਹਾਇਤਾ ਲੈ ਸਕਦਾ ਹੈ) | |
| | ਆਰੰਭਲਾ ਭਾਗ | 1 |
| | ਵਿਸ਼ਾ | 1 |
| | ਵਿਸ਼ੇ ਦੀ ਪੇਸ਼ਕਾਰੀ | 3 |
| | ਅੰਤਲਾ ਭਾਗ | 1 |
| | ਮੁਲਾਂਕਣ- ਪੱਤਰ ਦੇ ਸਹੀ ਫਾਰਮੇਟ ਅਨੁਸਾਰ ਆਰੰਭਲੇ ਭਾਗ ਨੂੰ ਸਹੀ ਲਿਖਣ 'ਤੇ ਇੱਕ ਅੰਕ ਦਿੱਤਾ ਜਾਵੇ। ਜੇਕਰ ਫਾਰਮੇਟ ਅਧੂਰਾ ਹੈ ਤਾਂ ਅੱਧਾ ਅੰਕ ਦਿੱਤਾ ਜਾਵੇਗਾ। ਵਿਸ਼ਾ ਲਿਖਣ 'ਤੇ ਇੱਕ ਅੰਕ ਦਿੱਤਾ ਜਾਏਗਾ। ਵਿਸ਼ੇ ਦਾ ਸਹੀ ਵਿਸਥਾਰ ਕਰਨ 'ਤੇ ਤਿੰਨ ਅੰਕ ਅਤੇ ਅਧੂਰਾ ਵਿਸ਼ਾ ਵਿਸਥਾਰ 'ਤੇ ਉਸ ਹਿਸਾਬ ਨਾਲ ਅੰਕ ਦਿੱਤੇ ਜਾਣਗੇ। ਅੰਤਲਾ ਭਾਗ ਫਾਰਮੇਟ ਅਨੁਸਾਰ ਸਹੀ ਲਿਖਣ 'ਤੇ ਇੱਕ ਅੰਕ ਅਤੇ ਅਧੂਰਾ ਲਿਖਣ 'ਤੇ ਅੱਧਾ ਅੰਕ ਦਿੱਤਾ ਜਾਵੇਗਾ।<br>ਸੁਝਾਵ- ਵਿਦਿਆਰਥੀ ਨੂੰ ਅੰਕ ਵੰਡ ਦੇ ਹਿਸਾਬ ਨਾਲ ਪੱਤਰ ਦੇ ਫਾਰਮੇਟ ਨੂੰ ਧਿਆਨ ਵਿੱਚ ਰੱਖ ਕੇ ਪੱਤਰ ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ। | |
| 10 | ਦਿੱਤੀ ਤਸਵੀਰ ਨੂੰ ਧਿਆਨ ਨਾਲ ਦੇਖ ਕੇ 50 ਸ਼ਬਦਾਂ ਵਿੱਚ ਲਿਖੋ-<br>(ਵਿਦਿਆਰਥੀ ਤਸਵੀਰ ਦੇ ਵੇਰਵੇ ਦਾ ਧਿਆਨ ਰੱਖਦੇ ਹੋਏ ਵਰਨਣ ਕਰਨਗੇ। ਸਹੀ ਵੇਰਵੇ ਅਤੇ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਅੰਕ ਦਿੱਤੇ ਜਾਣਗੇ) | |
| | ਵੇਰਵਾ | 2 |
| | ਸ਼ਬਦ ਚੋਣ | 1 |
| | ਸ਼ਬਦ ਜੋੜ | 1 |

| | | |
|---|---|---|
| | ਮੁਲਾਂਕਣ- ਜੇਕਰ ਵਿਦਿਆਰਥੀ ਨੇ ਦਿੱਤੀ ਸ਼ਬਦ ਸੀਮਾ ਅਨੁਸਾਰ ਤਸਵੀਰ ਦੇ ਸਾਰੇ ਵੇਰਵੇ ਧਿਆਨ ਨਾਲ ਦਿੱਤੇ ਹਨ ਤਾਂ ਦੋ ਅੰਕ ਦਿੱਤੇ ਜਾਣਗੇ। ਜੇਕਰ ਵੇਰਵੇ ਅਧੂਰੇ ਹਨ ਤਾਂ ਇੱਕ ਅੰਕ ਦਿੱਤਾ ਜਾਵੇਗਾ। ਉਚਿਤ ਸ਼ਬਦ ਚੋਣ ਲਈ ਇੱਕ ਅੰਕ ਅਤੇ ਅਸਪਸ਼ਟ ਸ਼ਬਦ ਚੋਣ ਹੋਣ 'ਤੇ ਅੱਧਾ ਅੰਕ ਦਿੱਤਾ ਜਾਵੇਗਾ। ਸਾਰੇ ਸ਼ਬਦ ਜੋੜ ਸਹੀ ਹੋਣ 'ਤੇ ਇੱਕ ਅੰਕ ਦਿੱਤਾ ਜਾਵੇਗਾ।<br>ਸੁਝਾਵ- ਵਿਦਿਆਰਥੀ ਤਸਵੀਰ ਨੂੰ ਧਿਆਨ ਨਾਲ ਦੇਖਦੇ ਹੋਏ ਵਰਨਣ ਕਰਨ ਦਾ ਅਭਿਆਸ ਕਰਨ। ਆਪਣੇ ਸ਼ਬਦ ਭੰਡਾਰ ਨੂੰ ਵਧਾਉਣ ਅਤੇ ਸ਼ਬਦ ਜੋੜ ਦਾ ਅਭਿਆਸ ਕਰਨ। | |
| | ਨੋਟ- ਦ੍ਰਿਸ਼ਟੀਹੀਣ ਵਿਦਿਆਰਥੀਆਂ ਲਈ ਪ੍ਰਸ਼ਨ ਵਿੱਚ ਦਿੱਤੇ ਵੇਰਵੇ ਨੂੰ ਧਿਆਨ ਨਾਲ ਜਾਂਚਦੇ ਹੋਏ ਬਣਦੇ ਅੰਕ ਦਿੱਤੇ ਜਾਣ।ਤਸਵੀਰ ਵਰਨਣ ਵਾਲੀ ਅੰਕ ਵੰਡ ਇਸ ਪ੍ਰਸ਼ਨ 'ਤੇ ਵੀ ਢੁੱਕਵੀਂ ਰਹੇਗੀ। | |
| | **ਭਾਗ- ਸ (ਪਾਠ-ਪੁਸਤਕਾਂ 'ਤੇ ਅਧਾਰਤ ਪ੍ਰਸ਼ਨ)** | |
| 11 | ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨ ਹੱਲ ਕਰੋ।<br>ਨੋਟ- ਜੇਕਰ ਵਿਕਲਪ ਸਹੀ ਹੈ ਤਾਂ ਇੱਕ ਅੰਕ ਦਿੱਤਾ ਜਾਵੇਗਾ। | 5x1=5 |
| (i) | ਉ੦- ਸਹੀ ਵਿਕਲਪ (ੳ) ਨਸ਼ਾ<br>ਮੁਲਾਂਕਣ- ਪਾਠ ਅਨੁਸਾਰ ਬੇਈਮਾਨੀ, ਬੇਰੁਜ਼ਗਾਰੀ, ਦੁਕਾਨਦਾਰੀ ਸਹੀ ਵਿਕਲਪ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠ ਦਾ ਸਾਰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (ii) | ਉ੦- ਸਹੀ ਵਿਕਲਪ (ਅ) ਮਲਾਈ ਵਾਲੀ<br>ਮੁਲਾਂਕਣ- ਪਾਠ ਅਨੁਸਾਰ ਬਰਫ਼ ਵਾਲੀ, ਚਾਕਲੇਟ ਵਾਲੀ, ਮਲਾਈ ਰਹਿਤ ਸਹੀ ਵਿਕਲਪ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (iii) | ਉ੦- ਸਹੀ ਵਿਕਲਪ (ਸ) ਫ਼ੌਜ ਤੋਂ<br>ਮੁਲਾਂਕਣ- ਪਾਠ ਅਨੁਸਾਰ ਕਾਲਜ ਤੋਂ, ਹਸਪਤਾਲ ਤੋਂ, ਸਕੂਲ ਤੋਂ ਸਹੀ ਵਿਕਲਪ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠ ਵਿੱਚ ਦਿੱਤੇ ਹਰੇਕ ਵੇਰਵੇ ਵੱਲ ਧਿਆਨ ਦੇਣਾ ਚਾਹੀਦਾ ਹੈ। | |
| (iv) | ਉ੦- ਸਹੀ ਵਿਕਲਪ (ਸ) ਖਿਝੂ ਤੇ ਸੜੀਅਲ<br>ਮੁਲਾਂਕਣ- ਪਾਠ ਅਨੁਸਾਰ ਨਿਮਰਤਾ ਵਾਲਾ, ਪਿਆਰ ਵਾਲਾ, ਹਾਸੇ ਵਾਲਾ ਸਹੀ ਵਿਕਲਪ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠ ਦੇ ਛੋਟੇ ਤੋਂ ਛੋਟੇ ਵੇਰਵੇ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (v) | ਉ੦- ਸਹੀ ਵਿਕਲਪ (ੳ) ਬਚਪਨ<br>ਮੁਲਾਂਕਣ- ਪਾਠ ਅਨੁਸਾਰ ਬੁਢਾਪਾ, ਗ੍ਰਹਿਸਥ, ਜਵਾਨੀ ਸਹੀ ਵਿਕਲਪ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠ ਵਿੱਚ ਆਏ ਹਰੇਕ ਵਿਚਾਰ ਦੀ ਜਾਣਕਾਰੀ ਹੋਣੀ ਚਾਹੀਦੀ ਹੈ। | |

| | | |
|---|---|---|
| (vi) | ਉ0- ਸਹੀ ਵਿਕਲਪ (ਅ) ਨੌਕਰ<br>ਮੁਲਾਂਕਣ- ਪਾਠ ਅਨੁਸਾਰ ਆਲਸੀ ਲੋਕ, ਵਿਹਲੜ ਲੋਕ, ਘਰ ਦੇ ਮਾਲਕ ਸਹੀ ਵਿਕਲਪ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠ ਵਿੱਚ ਆਏ ਵਿਚਾਰਾਂ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| 12 | ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>ਨੋਟ- ਸਹੀ ਵਿਕਲਪ ਲਈ ਇੱਕ ਅੰਕ ਦਿੱਤਾ ਜਾਵੇਗਾ। | 5x1=5 |
| (i) | ਉ0- ਸਹੀ ਵਿਕਲਪ (ੳ) ਮਹਾਰਾਜਾ ਰਣਜੀਤ ਸਿੰਘ ਲਈ।<br>ਮੁਲਾਂਕਣ- ਪਾਠ ਅਨੁਸਾਰ ਹਰੀ ਸਿੰਘ ਨਲਵਾ ਲਈ, ਅੰਗਰੇਜ਼ਾਂ ਲਈ, ਟੁੰਡੇ ਲਾਟ ਲਈ ਸਹੀ ਵਿਕਲਪ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਕੇਂਦਰੀ ਭਾਵ ਨੂੰ ਧਿਆਨ ਨਾਲ ਸਮਝਣਾ ਚਾਹੀਦਾ ਹੈ। | |
| (ii) | ਉ0- ਸਹੀ ਵਿਕਲਪ (ੲ) ਕੀਰਤਨ<br>ਮੁਲਾਂਕਣ- ਪਾਠ ਅਨੁਸਾਰ ਹਨੇਰਾ, ਝੂਠ ਦਾ ਬੋਲ-ਬਾਲਾ, ਅੱਤਿਆਚਾਰ ਸਹੀ ਵਿਕਲਪ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠ ਵਿੱਚ ਆਏ ਵਿਚਾਰ ਨੂੰ ਧਿਆਨ ਨਾਲ ਸਮਝਣਾ ਚਾਹੀਦਾ ਹੈ। | |
| (iii) | ਉ0- ਸਹੀ ਵਿਕਲਪ (ਅ) ਪਰਮਾਤਮਾ<br>ਮੁਲਾਂਕਣ- ਪਾਠ ਅਨੁਸਾਰ ਸਿਪਾਹੀ, ਪੁਲਿਸ, ਚੌਕੀਦਾਰ ਸਹੀ ਵਿਕਲਪ ਨਹੀਂ ਹੈ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠ ਦੇ ਹਰੇਕ ਵੇਰਵੇ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (iv) | ਉ0- (ਸ) ਗੋਭੀ<br>ਮੁਲਾਂਕਣ- ਪਾਠ ਅਨੁਸਾਰ ਘੀਆ, ਪਾਲਕ, ਭਿੰਡੀ ਸਹੀ ਵਿਕਲਪ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਇਕਾਂਗੀ ਦੇ ਹਰੇਕ ਵੇਰਵੇ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (v) | ਉ0- (ਅ) ਸ਼ਾਹੀ ਹਕੀਮ<br>ਮੁਲਾਂਕਣ- ਇਕਾਂਗੀ ਅਨੁਸਾਰ ਵਜ਼ੀਰ ਖਾਂ, ਸ਼ਾਹ ਜਹਾਨ, ਕਾਮ ਬਖਸ਼ ਸਹੀ ਵਿਕਲਪ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਇਕਾਂਗੀ ਦੇ ਹਰੇਕ ਪਾਤਰ ਬਾਰੇ ਵਿਸਥਾਰ ਸਹਿਤ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ। | |
| (vi) | ਉ0- (ੲ) ਗੁਰੂ ਨਾਨਕ ਦੇਵ ਜੀ ਦੀ<br>ਮੁਲਾਂਕਣ- ਪਾਠ ਅਨੁਸਾਰ ਗੁਰੂ ਅਰਜਨ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਸਹੀ ਵਿਕਲਪ ਨਹੀਂ ਹਨ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠਾਂ ਦੇ ਲੇਖਕਾਂ ਦੇ ਨਾਂ ਦੀ ਵੀ ਜਾਣਕਾਰੀ ਹੋਣੀ ਚਾਹੀਦੀ ਹੈ। | |

| | | |
|---|---|---|
| 13 | ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਲਿਖੋ)<br>ਨੋਟ- ਢੁਕਵਾਂ ਉੱਤਰ ਲਿਖਣ 'ਤੇ ਇੱਕ ਅੰਕ ਦਿੱਤਾ ਜਾਵੇਗਾ। | 4x1=4 |
| (i) | ਉ0- ਹਰੇਕ ਸੰਸਾਰਕ ਮੌਕੇ 'ਤੇ।<br>ਮੁਲਾਂਕਣ- ਅਰਦਾਸ ਵਿਅਕਤੀ ਕਿਸੇ ਵੀ ਮੌਕੇ 'ਤੇ ਕਰ ਸਕਦਾ ਹੈ।<br>ਸੁਝਾਵ- ਵਿਦਿਆਰਥੀਆਂ ਨੂੰ ਵਿਸਥਾਰ ਸਹਿਤ ਪਾਠ ਵਿੱਚ ਆਏ ਵਿਚਾਰਾਂ ਤੋਂ ਜਾਣੂ ਹੋਣਾ ਚਾਹੀਦਾ ਹੈ। | |
| (ii) | ਉ0- ਦੋ ਭੈਣਾਂ ਦਾ।<br>ਮੁਲਾਂਕਣ- ਜੇਕਰ ਉੱਤਰ ਢੁਕਵਾਂ ਹੈ ਤਾਂ ਇੱਕ ਅੰਕ ਦਿੱਤਾ ਜਾਵੇਗਾ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠ ਦਾ ਸਾਰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |
| (iii) | ਉ0- ਬੋਲੀ ਤੋਂ<br>ਮੁਲਾਂਕਣ- ਜੇਕਰ ਪਾਠ ਅਨੁਸਾਰ ਉੱਤਰ ਢੁਕਵਾਂ ਹੈ ਤਾਂ ਇੱਕ ਅੰਕ ਦਿੱਤਾ ਜਾਵੇਗਾ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠ ਵਿੱਚ ਆਏ ਵਿਚਾਰਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। | |
| (iv) | ਉ0- ਦੋ ਕਿਸ਼ਤਾਂ ਵਿੱਚ।<br>ਮੁਲਾਂਕਣ- ਪਾਠ ਅਨੁਸਾਰ ਉੱਤਰ ਢੁਕਵਾਂ ਹੋਣ 'ਤੇ ਪੂਰੇ ਅੰਕ ਦਿੱਤੇ ਜਾਣ।<br>ਸੁਝਾਵ- ਵਿਦਿਆਰਥੀਆਂ ਨੂੰ ਪਾਠ ਵਿੱਚ ਆਏ ਹਰੇਕ ਵੇਰਵੇ ਵੱਲ ਧਿਆਨ ਦੇਣਾ ਚਾਹੀਦਾ ਹੈ। | |
| (v) | ਉ0- ਕਰਮ ਸਿੰਘ ਦੀ।<br>ਮੁਲਾਂਕਣ- ਮਾਨ ਸਿੰਘ ਤੇ ਕਰਮ ਸਿੰਘ ਦੋਨੋਂ ਹੀ ਫ਼ੌਜ ਵਿੱਚ ਸਨ ਪਰੰਤੂ ਕਰਮ ਸਿੰਘ ਦੀ ਰਾਈਫ਼ਲ ਦਾ ਨਿਸ਼ਾਨਾ ਜ਼ਿਆਦਾ ਮਸ਼ਹੂਰ ਸੀ।<br>ਸੁਝਾਵ- ਵਿਦਿਆਰਥੀਆਂ ਨੂੰ ਕਹਾਣੀ ਦੇ ਹਰੇਕ ਪਾਤਰ ਬਾਰੇ ਵਿਸਥਾਰ ਸਹਿਤ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ। | |
| 14 | ਕਹਾਣੀ,ਵਾਰਤਕ ਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ।)<br>ਨੋਟ- ਪ੍ਰਸ਼ਨ ਦੇ ਉੱਤਰ ਦੀ ਸ਼ਬਦ ਸੀਮਾ ਤੇ ਉਚਿਤ ਵੇਰਵੇ ਨੂੰ ਧਿਆਨ ਵਿੱਚ ਰੱਖ ਕੇ ਦੋ ਅੰਕ ਦਿੱਤੇ ਜਾਣ। | 7x2=14 |
| (i) | ਉ0- ਮਨਜੀਤ ਕੌਰ ਆਪਣੇ ਪਤੀ ਸੁਖਦੇਵ ਦੇ ਆਉਣ ਦੀ ਤਿਆਰੀ ਕਰ ਰਹੀ ਸੀ। ਉਹ ਆਪਣੀ ਸੱਸ ਨਿਹਾਲ ਕੌਰ ਨੂੰ ਕਹਿੰਦੀ ਹੈ ਕਿ ਅੱਜ ਕਾਂ ਕੋਠੇ 'ਤੇ ਬੋਲ ਰਿਹਾ ਹੈ। ਸ਼ਾਇਦ ਕੋਈ ਮਹਿਮਾਨ ਆ ਜਾਏ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |

| | | |
|---|---|---|
| (ii) | ਉ੦- ਲੇਖਕ ਦੇ ਵਡੇਰਿਆਂ ਦੁਆਰਾ ਵਿਆਹ ਵਿੱਚ ਗੁੜ ਦੇ ਪ੍ਰਸ਼ਾਦ ਦਾ ਪੂਰਾ ਕੜ੍ਹਾਹਾ ਚੱਟ ਕਰ ਜਾਣ ਕਰਕੇ ਅਤੇ ਮੇਲ-ਗੇਲ ਤੇ ਸ਼ਰੀਕੇ ਲਈ ਪ੍ਰਸ਼ਾਦ ਨਾ ਬਚਾਉਣ ਕਰਕੇ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (iii) | ਉ੦- ਨਸ਼ਿਆਂ ਦੀ ਵਰਤੋਂ ਕਰਨ ਕਰਕੇ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (iv) | ਉ੦- ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਰਮ ਸਿੰਘ ਦੀ ਮੌਤ ਦੀ ਗੱਲ ਛੁਪਾਈ ਸੀ ਤਾਂ ਜੋ ਉਸਦੀ ਛੁੱਟੀ ਖਰਾਬ ਨਾ ਹੋਵੇ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (v) | ਉ੦- ਜ਼ਫ਼ਰਨਾਮਾ। ਇਹ ਖਤ ਉਹਨਾਂ ਨੇ ਔਰੰਗਜ਼ੇਬ ਨੂੰ ਭੇਜਿਆ ਸੀ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (vi) | ਉ੦- ਲੇਖਕ ਨੂੰ ਕੁਲਫ਼ੀ ਦਿੱਖਣ ਲੱਗ ਪਈ ਪਰ ਨਾਲ ਹੀ ਉਸਨੂੰ ਆਪਣੀ ਪੈਸੇ ਦੀ ਤੰਗੀ ਵੀ ਯਾਦ ਆ ਗਈ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (vii) | ਉ੦- ਮਨੁੱਖ ਦਾ ਆਚਰਨ ਘਰ, ਸਮਾਜ ਅਤੇ ਆਲੇ-ਦੁਆਲੇ ਤੋਂ ਬਣਦਾ ਹੈ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ। | |

| | | |
|---|---|---|
| | ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| (viii) | ਉ੦- ਬਚਪਨ ਦੇ ਸਮੇਂ ਇਕੱਠੀਆਂ ਕੀਤੀਆਂ ਮੋਹਰਾਂ ਨੂੰ ਹੀ ਭੁਣਾ-ਭੁਣਾ ਕੇ ਜਵਾਨੀ ਅਤੇ ਬੁਢਾਪੇ ਦਾ ਸਮਾਂ ਔਖਾ ਜਾਂ ਸੌਖਾ ਲੰਘਦਾ ਹੈ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਉੱਤਰ ਲਿਖਦਾ ਹੈ ਤਾਂ ਦੋ ਅੰਕ ਦਿੱਤੇ ਜਾਣਗੇ।<br>ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣਾ ਚਾਹੀਦਾ ਹੈ। | |
| 15 | ਕਵਿਤਾ ਤੇ ਵਾਰਤਕ ਵਿੱਚੋਂ (ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ)<br>ਨੋਟ- ਨਿਰਦੇਸ਼ਾਂ ਅਨੁਸਾਰ ਸਹੀ ਉੱਤਰ ਲਿਖਣ ‘ਤੇ ਚਾਰ ਅੰਕ ਦਿੱਤੇ ਜਾਣਗੇ। | 2x4=8 |
| (i) | ਉ੦- ਜੀਵ ਬੇਸ਼ੁਮਾਰ ਭੁੱਲਾਂ ਕਰਨ ਵਾਲਾ ਹੈ। ਪਰਮਾਤਮਾ ਆਪਣੀ ਮਿਹਰ ਕਰਕੇ ਸਾਡੇ ਦੁਆਰਾ ਕੀਤੇ ਪਾਪਾਂ, ਭੁੱਲਾਂ ਨੂੰ ਬਖਸ਼ ਕੇ ਆਪਣੇ ਚਰਨਾਂ ਵਿੱਚ ਸਥਾਨ ਦੇਣ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਤੇ ਸ਼ਬਦ ਜੋੜ ਦੀਆਂ ਗਲਤੀਆਂ ਕੀਤੇ ਬਗੈਰ ਉੱਤਰ ਲਿਖਦਾ ਹੈ ਤਾਂ ਪੂਰੇ ਅੰਕ ਦਿੱਤੇ ਜਾਣਗੇ।<br>ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ।<br>ਜਾਂ<br>ਉ੦- ਸੰਸਾਰ ਵਿੱਚ ਅਗਿਆਨਤਾ ਰੂਪੀ ਧੁੰਧ ਮਿਟ ਗਈ ਅਤੇ ਗਿਆਨ ਦਾ ਚਾਨਣ ਹੋ ਗਿਆ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਤੇ ਸ਼ਬਦ ਜੋੜ ਦੀਆਂ ਗਲਤੀਆਂ ਕੀਤੇ ਬਗੈਰ ਉੱਤਰ ਲਿਖਦਾ ਹੈ ਤਾਂ ਪੂਰੇ ਅੰਕ ਦਿੱਤੇ ਜਾਣਗੇ।<br>ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ। | |
| (ii) | ਉ੦- ਜਦੋਂ ਹਰ ਪਾਸੇ ਹਨੇਰਾ ਦਿਖਣ ਲੱਗੇ ਤੇ ਕੋਈ ਰਾਹ ਨਜ਼ਰ ਨਾ ਆਵੇ, ਉਸ ਸਮੇਂ ਸੱਚੇ ਦਿਲੋਂ ਕੀਤੀ ਅਰਦਾਸ ਜ਼ਰੂਰ ਰਾਹ ਸੁਝਾਉਂਦੀ ਹੈ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਤੇ ਸ਼ਬਦ ਜੋੜ ਦੀਆਂ ਗਲਤੀਆਂ ਕੀਤੇ ਬਗੈਰ ਉੱਤਰ ਲਿਖਦਾ ਹੈ ਤਾਂ ਪੂਰੇ ਅੰਕ ਦਿੱਤੇ ਜਾਣਗੇ।<br>ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ।<br>ਜਾਂ | |

| | | |
|---|---|---|
| | ਉ੦- ਮਨੁੱਖ ਦੇ ਪੈਦਲ ਨਾ ਤੁਰਨ ਕਰਕੇ ਉਸਦੀਆਂ ਸਰੀਰਕ ਸਮੱਸਿਆਵਾਂ ਵਧ ਗਈਆਂ ਹਨ। ਇਹਨਾਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਮਨੁੱਖ ਨੂੰ ਜਦੋਂ ਵੀ ਮੌਕਾ ਮਿਲੇ, ਪੈਦਲ ਤੁਰਨਾ ਚਾਹੀਦਾ ਹੈ।<br>ਮੁਲਾਂਕਣ- ਜੇਕਰ ਵਿਦਿਆਰਥੀ ਪ੍ਰਸ਼ਨ ਵਿੱਚ ਪੁੱਛੇ ਗਏ ਵੇਰਵੇ ਨੂੰ ਸਹੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਸੀਮਾ ਦਾ ਧਿਆਨ ਰੱਖਦੇ ਹੋਏ ਤੇ ਸ਼ਬਦ ਜੋੜ ਦੀਆਂ ਗਲਤੀਆਂ ਕੀਤੇ ਬਗੈਰ ਉੱਤਰ ਲਿਖਦਾ ਹੈ ਤਾਂ ਪੂਰੇ ਅੰਕ ਦਿੱਤੇ ਜਾਣਗੇ।<br>ਸੁਝਾਵ- ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਵੇਰਵੇ ਬਾਰੇ ਨਿਰਦੇਸ਼ਾਂ ਅਨੁਸਾਰ ਧਿਆਨ ਨਾਲ ਲਿਖਣ ਦਾ ਅਭਿਆਸ ਕਰਨਾ ਚਾਹੀਦਾ ਹੈ। | |
| 16 | ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ)<br>ਨੋਟ- ਕਿਸੇ ਇੱਕ ਪ੍ਰਸ਼ਨ ਦਾ ਉੱਤਰ ਨਿਰਦੇਸ਼ਾਂ ਅਨੁਸਾਰ ਲਿਖਣ ‘ਤੇ ਚਾਰ ਅੰਕ ਦਿੱਤੇ ਜਾਣਗੇ। | 1x4=4 |
| | ਉ੦- ਔਰੰਗਜ਼ੇਬ ਮੁਗਲ ਰਾਜ ਦੀ ਚੜ੍ਹਦੀ ਕਲਾ ਦਾ ਅੰਤਮ ਬਾਦਸ਼ਾਹ ਸੀ। ਉਹ ਸਰੀਰਕ ਪੱਖੋਂ ਮਧਰਾ, ਕਮਜ਼ੋਰ, ਨੱਕ ਲੰਮਾ, ਰੰਗ ਗੋਰਾ, ਦਾੜ੍ਹੀ ਚਿੱਟੀ, ਮੁੱਛਾਂ ਕੱਟੀਆਂ ਹੋਈਆਂ, ਅੱਖਾਂ ਤੇਜ਼ ਭਖਦੀਆਂ ਤੇ ਲੱਕ ਝੁਕਿਆ ਹੋਇਆ ਸੀ। ਉਹ ਪੱਕਾ ਨਮਾਜ਼ੀ, ਕੱਟੜ ਧਰਮੀ, ਕੁਰਾਨ ਦਾ ਸਨਮਾਨ ਕਰਨ ਵਾਲਾ, ਭੇਤ ਲੁਕਾ ਕੇ ਰੱਖਣ ਵਾਲਾ, ਸ਼ੱਕੀ ਸੁਭਾਅ ਵਾਲਾ, ਦਖਲ ਬਰਦਾਸ਼ਤ ਨਾ ਕਰਨ ਵਾਲਾ ਤੇ ਅੰਤ ਵਿੱਚ ਆਪਣੀ ਹਾਰ ਸਵੀਕਾਰ ਕਰ ਲੈਣ ਵਾਲਾ ਹੈ।<br>ਮੁਲਾਂਕਣ- ਇਕਾਂਗੀ ਵਿੱਚ ਦਿੱਤੇ ਵੇਰਵੇ ਅਨੁਸਾਰ ਸਹੀ ਉੱਤਰ ਲਿਖਣ ‘ਤੇ ਪੂਰੇ ਅੰਕ ਦਿੱਤੇ ਜਾਣ।<br>ਸੁਝਾਅ- ਵਿਦਿਆਰਥੀਆਂ ਨੂੰ ਇਕਾਂਗੀ ਵਿੱਚ ਆਏ ਸਾਰੇ ਵੇਰਵੇ ਅਤੇ ਘਟਨਾਵਾਂ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ।<br>ਜਾਂ<br>ਉ੦- ਨਿਹਾਲ ਕੌਰ ਦੇ ਪਤੀ ਨੇ ਦੂਜਾ ਵਿਆਹ ਕਰਵਾ ਲਿਆ ਸੀ ਤੇ ਨਿਹਾਲ ਕੌਰ ਨੂੰ ਲੱਗਦਾ ਸੀ ਕਿ ਨੂੰਹ ਨੂੰ ਕਾਬੂ ਵਿੱਚ ਰੱਖਣ ਲਈ ਦੂਜੇ ਵਿਆਹ ਦੀ ਧਮਕੀ ਜ਼ਰੂਰੀ ਹੈ ਪਰ ਜਦੋਂ ਉਸਦੀ ਧੀ ਨੂੰ ਵੀ ਦੂਜੇ ਵਿਆਹ ਦੀ ਧਮਕੀ ਮਿਲਦੀ ਹੈ ਤਾਂ ਨਿਹਾਲ ਕੌਰ ਆਪਣੀ ਨੂੰਹ ਨੂੰ ਦੂਜੇ ਵਿਆਹ ਦੀਆਂ ਧਮਕੀਆਂ ਦੇਣ ਲਈ ਮਾਫ਼ੀ ਮੰਗਦੀ ਹੈ।<br>ਮੁਲਾਂਕਣ- ਇਕਾਂਗੀ ਵਿੱਚ ਦਿੱਤੇ ਵੇਰਵੇ ਅਨੁਸਾਰ ਸਹੀ ਉੱਤਰ ਲਿਖਣ ‘ਤੇ ਪੂਰੇ ਅੰਕ ਦਿੱਤੇ ਜਾਣ।<br>ਸੁਝਾਅ- ਵਿਦਿਆਰਥੀਆਂ ਨੂੰ ਇਕਾਂਗੀ ਵਿੱਚ ਆਏ ਸਾਰੇ ਵੇਰਵੇ ਅਤੇ ਘਟਨਾਵਾਂ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। | |